# ਟ੍ਰਾਂਜ਼ਿਸ਼ਨ (ਤਬਦੀਲੀ): ਸਕੂਲ ਜਾਣਾ ਸ਼ੁਰੂ ਕਰਨ ਲਈ ਇੱਕ ਸਕਾਰਾਤਮਕ ਸ਼ੁਰੂਆਤ

*Transition Learning and Development Statement* ਪੂਰਾ ਕਰਨ ਵਿੱਚ ਪਰਿਵਾਰਾਂ ਦੀ ਮਦਦ ਕਰਨ ਲਈ ਦਿਸ਼ਾ-ਨਿਰਦੇਸ਼

## ਸਕੂਲ ਜਾਣਾ ਸ਼ੁਰੂ ਕਰਨ ਲਈ ਇੱਕ ਸਕਾਰਾਤਮਕ ਸ਼ੁਰੂਆਤ ਕਿਉਂ ਮਹੱਤਵਪੂਰਣ ਹੈ?

ਸਕੂਲ ਜਾਣਾ ਸ਼ੁਰੂ ਕਰਨ ਲਈ ਇੱਕ ਸਕਾਰਾਤਮਕ ਸ਼ੁਰੂਆਤ ਨਾਲ ਤੁਹਾਡੀ ਔਲਾਦ ਲਈ ਟ੍ਰਾਂਜ਼ਿਸ਼ਨ ਅਤੇ ਇਸਤੋਂ ਕਿਤੇ ਵੱਧ ਹੋਰ, ਦੋਹਾਂ ਪਰਿਸਥਿਤੀਆਂ ਵਿੱਚ ਸਿੱਖਿਆ ਅਤੇ ਕਲਿਆਣ ਦੇ ਬਿਹਤਰ ਨਤੀਜਾ ਸਾਮ੍ਹਣੇ ਆਉਂਦੇ ਹਨ। ਕਾਰਗਰ ਅਤੇ ਸਕਾਰਾਤਮਕ ਟ੍ਰਾਂਜ਼ਿਸ਼ਨ (ਤਬਦੀਲੀ) ਯਕੀਨੀ ਬਣਾਉਣ ਨਾਲ ਤੁਹਾਡੀ ਔਲਾਦ ਦੀ ਸਿੱਖਿਆ ਅਤੇ ਵਿਕਾਸ ਦੀ ਨਿਰੰਤਰਤਾ ਵਿੱਚ ਵੀ ਸਹਾਇਤਾ ਮਿਲਦੀ ਹੈ। ਸਿੱਖਿਆ ਦੀ ਨਿਰੰਤਰਤਾ ਉੱਤੇ ਜ਼ਿਆਦਾ ਜ਼ੋਰ ਪਾਉਣ ਨਾਲ ਇਸ ਗੱਲ ਦੀ ਪਛਾਣ ਹੁੰਦੀ ਹੈ ਕਿ ਤੁਹਾਡੀ ਔਲਾਦ ਦੇ ਪੁਰਾਣੇ ਅਤੇ ਵਰਤਮਾਨ ਅਨੁਭਵਾਂ ਨੂੰ ਆਧਾਰ ਬਣਾਉਣ ਨਾਲ ਉਸਨੂੰ ਸੁਰੱਖਿਅਤ, ਭਰੋਸੇਮੰਦ ਅਤੇ ਲੋਕਾਂ, ਥਾਵਾਂ, ਸਮਾਰੋਹਾਂ, ਨੇਮੀ ਪ੍ਰੋਗ੍ਰਾਮਾਂ ਅਤੇ ਸਮਝਬੂਝ ਨਾਲ ਜੁੜੇ ਹੋਣਾ ਮਹਿਸੂਸ ਕਰਨ ਵਿੱਚ ਮਦਦ ਮਿਲਦੀ ਹੈ। ਸਕੂਲ ਜਾਣਾ ਸ਼ੁਰੂ ਕਰਨ ਲਈ ਸਕਾਰਾਤਮਕ ਸ਼ੁਰੂਆਤ ਦੇ ਹੋਣ ਦਾ ਜਵਾਨ ਲੋਕਾਂ ਵਿੱਚ ਪ੍ਰਤੀਰੋਧ-ਸਮੱਰਥਾ ਦਾ ਪ੍ਰਸਾਰ ਕਰਨ ਨਾਲ ਸਿੱਧਾ ਸਹਿ-ਸੰਬੰਧ ਹੈ ।

## TRANSITION LEARNING AND DEVELOPMENT STATEMENT ਕੀ ਹੁੰਦੀ ਹੈ?

ਮੁੱਢਲੇ ਬਚਪਨ (ਅਰਲੀ ਚਾਇਲਡਹੁਡ) ਦੀਆਂ ਸੇਵਾਵਾਂ, ਸਕੂਲ, ਸਕੂਲ ਦੇ ਕੰਮ ਦੇ ਸਮੇਂ ਦੇ ਬਾਅਦ ਦੀ ਦੇਖਭਾਲ (Outside School Hours Care - OSHC) ਸੇਵਾਵਾਂ ਅਤੇ ਪਰਿਵਾਰ, ਇਹ ਸਾਰੇ ਬੱਚਿਆਂ ਦੀ ਸਿੱਖਿਆ ਅਤੇ ਕਲਿਆਣ ਨੂੰ ਵਿਕਸਿਤ ਕਰਨ ਵਿੱਚ ਭਾਗੀਦਾਰ ਹੁੰਦੇ ਹਨ। ਸੇਵਾਵਾਂ, ਸਕੂਲਾਂ ਅਤੇ ਪਰਿਵਾਰਾਂ ਵਿੱਚਕਾਰ ਸੂਚਨਾ ਦਾ ਆਦਾਨ-ਪ੍ਰਦਾਨ ਵੱਧ ਆਸਾਨ ਬਣਾਉਣ ਲਈ ਹਰੇਕ ਬੱਚੇ ਲਈ ਉਸਦੇ ਸਕੂਲ ਜਾਣਸਮੇਂ ਅਰਲੀ ਚਾਇਲਡਹੁਡ ਸੇਵਾ ਦੁਆਰਾ Transition Learning and Development Statement (ਟ੍ਰਾਂਜ਼ਿਸ਼ਨ ਸਟੇਟਮੇਂਟ) ਲਿਖੀ ਜਾਂਦੀ ਹੈ।

ਟ੍ਰਾਂਜ਼ਿਸ਼ਨ ਸਟੇਟਮੇਂਟ ਅਰਲੀ ਚਾਇਲਡਹੁਡ ਸੇਵਾਵਾਂ ਅਤੇ ਸਕੂਲਾਂ ਵਿੱਚਕਾਰ ਤੁਹਾਡੀ ਔਲਾਦ ਦੀ ਸਿੱਖਿਆ, ਵਿਕਾਸ ਅਤੇ ਕਲਿਆਣ ਬਾਰੇ ਸੂਚਨਾ ਦਾ ਆਦਾਨ-ਪ੍ਰਦਾਨ ਕਰਦੀ ਹੈ। ਇਹ ਟ੍ਰਾਂਜ਼ਿਸ਼ਨ ਸਟੇਟਮੇਂਟ ਤੁਹਾਡੀ ਔਲਾਦ ਦੀਆਂ ਰੁਚੀਆਂ, ਯੋਗਤਾਵਾਂ ਅਤੇ ਕਾਬਲੀਅਤ ਦਾ ਸਾਰ ਦੇਵੇਗੀ ਅਤੇ ਇਹ ਵਿਅਕਤੀਗਤ ਵਿਧੀਆਂ ਅਤੇ ਸਿੱਖਿਆ ਸਬੰਧੀ ਕਾਰਜਨੀਤੀਆਂ ਦੀ ਵੀ ਪਛਾਣ ਕਰਦੀ ਹੈ ਤਾਂਜੋ ਤੁਹਾਡੀ ਔਲਾਦ ਦੇ ਸਿੱਖਿਆ ਦੇ ਸਫ਼ਰ ਵਿੱਚ ਉਸਦੀ ਮਦਦ ਕੀਤੀ ਜਾ ਸਕੇ।

ਤੁਹਾਡੀ ਔਲਾਦ ਦੇ ਸਕੂਲ ਵਿੱਚ ਟ੍ਰਾਂਜ਼ਿਸ਼ਨ ਕਰਨ ਦੇ ਨਾਲ-ਨਾਲ ਟ੍ਰਾਂਜ਼ਿਸ਼ਨ ਸਟੇਟਮੇਂਟ ਤੁਹਾਡੀ ਔਲਾਦ ਦੀ ਸਿੱਖਿਆ ਨੂੰ ਸੱਮਝਣ, ਇਸ ਵਿੱਚ ਸਹਾਇਤਾ ਦੇਣ, ਇਸਦੇ ਬਾਰੇ ਗੱਲਬਾਤ ਕਰਨ ਅਤੇ ਇਸਦੀ ਵਕਾਲਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ। ਟ੍ਰਾਂਜ਼ਿਸ਼ਨ ਸਟੇਟਮੇਂਟ ਵਿੱਚ ਸ਼ਾਮਿਲ ਜਾਣਕਾਰੀ ਪ੍ਰੇਪ ਟੀਚਰਾਂ ਨੂੰ ਤੁਹਾਡੀ ਔਲਾਦ ਨੂੰ ਜਾਣਨ ਅਤੇ ਉਚਿਤ ਸਿੱਖਿਆ ਅਤੇ ਪੜ੍ਹਾਉਣ ਦੇ ਪ੍ਰੋਗ੍ਰਾਮਾਂ ਦੀ ਯੋਜਨਾ ਬਣਾਉਣ ਵਿੱਚ ਮਦਦ ਦਿੰਦੀ ਹੈ। ਜੇਕਰ ਤੁਸੀ ਆਪਣੀ ਔਲਾਦ ਨੂੰ OSHC ਭੇਜਣ ਦੀ ਯੋਜਨਾ ਬਣਾ ਰਹੇ ਹੋ, ਤਾਂ ਟ੍ਰਾਂਜ਼ਿਸ਼ਨ ਸਟੇਟਮੇਂਟ OSHC ਸੇਵਾ ਵਿੱਚ ਤੁਹਾਡੀ ਔਲਾਦ ਦੀ ਭਾਗੀਦਾਰੀ ਦੀ ਯੋਜਨਾ ਬਣਾਉਣ ਅਤੇ ਵਾਤਾਵਰਣ ਵਿੱਚ ਨਿਰੰਤਰਤਾ ਦਾ ਸਮਰਥਨ ਕਰਣ ਵਿੱਚ ਵੀ OSHC ਅਧਿਆਪਕਾਂ ਦੀ ਸਹਾਇਤਾ ਕਰਦੀ ਹੈ।

ਟ੍ਰਾਂਜ਼ਿਸ਼ਨ ਸਟੇਟਮੇਂਟ ਵਿੱਚ ਤੁਹਾਡੀ ਔਲਾਦ ਬਾਰੇ ਕੁੱਝ ਨਿਜੀ ਜਾਣਕਾਰੀ ਸ਼ਾਮਿਲ ਹੁੰਦੀ ਹੈ, ਇਸ ਵਿੱਚ ਤੁਹਾਡੀ ਔਲਾਦ ਦਾ ਨਾਮ, ਉਸਦੀ ਜਨਮ-ਤਰੀਕ ਅਤੇ ਫੋਟੋ, ਨਾਲ ਹੀ ਤੁਹਾਡਾ ਨਾਮ ਅਤੇ ਸੰਪਰਕ ਵੇਰਵਾ ਸ਼ਾਮਿਲ ਹੁੰਦਾ ਹੈ। ਇਸ ਵਿੱਚ ਤੁਹਾਡੀ ਔਲਾਦ ਦੀ ਸਹਾਇਤਾ ਕਰਨ ਵਾਲੇ ਹੋਰ ਅਰਲੀ ਚਾਇਲਡਹੁਡ ਪੇਸ਼ਾਵਰਾਂ ਦੇ ਨਾਮ ਅਤੇ ਸੰਪਰਕ ਵੇਰਵੇ ਵੀ ਸ਼ਾਮਿਲ ਹੋ ਸਕਦੇ ਹਨ।

ਆਪਣੀ ਔਲਾਦ ਦੀ ਟ੍ਰਾਂਜ਼ਿਸ਼ਨ ਸਟੇਟਮੇਂਟ ਵਿੱਚ ਯੋਗਦਾਨ ਦੇਣਾ ਟ੍ਰਾਂਜ਼ਿਸ਼ਨ ਟੂ ਸਕੂਲ ਦੀ ਇੱਕ ਅਜਿਹੀ ਗਤੀਵਿਧੀ ਹੈ ਜਿਸ ਵਿੱਚ ਤੁਸੀ ਅਤੇ ਤੁਹਾਡੀ ਔਲਾਦ ਸਕੂਲ ਸ਼ੁਰੂ ਹੋਣ ਤੋਂ ਪਹਿਲਾਂ ਅਤੇ ਪੂਰੇ ਸਕੂਲੀ ਸਾਲ ਦੌਰਾਨ ਭਾਗ ਲੈ ਸਕਦੇ ਹਨ।

## ਮੈਨੂੰ ਟ੍ਰਾਂਜ਼ਿਸ਼ਨ ਸਟੇਟਮੇਂਟ ਦਾ ਕਿਹੜਾ ਭਾਗ ਪੂਰਾ ਕਰਨਾ ਹੋਵੇਗਾ?

*ਸੈਕਸ਼ਨ 1 ਅਤੇ 1.1* ਤੁਹਾਡੀ ਔਲਾਦ ਦੀ ਅਰਲੀ ਚਾਇਲਡਹੁਡ ਅਧਿਆਪਕਾ ਦੁਆਰਾ ਪੂਰੇ ਕੀਤੇ ਜਾਂਦੇ ਹਨ।

*ਸੈਕਸ਼ਨ 1. 2* ਤੁਹਾਡੀ ਔਲਾਦ ਦੀ ਚਾਇਲਡਹੁਡ ਅਧਿਆਪਕਾ ਦੁਆਰਾ ਪੂਰਾ ਕੀਤਾ ਜਾ ਸਕਦਾ ਹੈ ਜੇਕਰ ਤੁਹਾਡੀ ਔਲਾਦ ਕਿਸੇ ਵਿਕਾਸ-ਅਵਰੋਧੀ ਰੋਗ ਜਾਂ ਅਪਾਹਜਤਾ ਨਾਲ ਪੀੜਿਤ ਹੈ। ਹੋ ਸਕਦਾ ਹੈ ਕਿ ਤੁਹਾਡੀ ਔਲਾਦ ਦੀ ਮਦਦ ਕਰਨ ਵਾਲੇ ਹੋਰ ਅਰਲੀ ਚਾਇਲਡਹੁਡ ਪੇਸ਼ਾਵਰ ਵੀ ਇਸ ਹਿੱਸੇ ਵਿੱਚ ਯੋਗਦਾਨ ਦੇਣ।

*ਸੈਕਸ਼ਨ 2: ਦਿ ਚਾਇਲਡ* – ਇਸਨੂੰ ਤੁਹਾਡੀ ਔਲਾਦ ਕਿਸੇ ਅਜਿਹੇ ਬਾਲਗ ਨਾਲ ਪੂਰਾ ਕਰਦੀ ਹੈ ਜਿਸਨੂੰ ਉਹ ਜਾਣਦੀ ਹੈ ਅਤੇ ਜਿਸਦੇ ਨਾਲ ਉਹ ਸੁਖਦਾਇਕ ਮਹਿਸੂਸ ਕਰਦੀ ਹੈ। ਇਹ ਬਾਲਗ ਤੁਸੀ ਆਪ ਹੋ ਸੱਕਦੇ ਹੋ ਜਾਂ ਫਿਰ ਤੁਹਾਡੀ ਔਲਾਦ ਦੀ ਅਰਲੀ ਚਾਇਲਡਹੁਡ ਅਧਿਆਪਕਾ ਹੋ ਸਕਦੀ ਹੈ।

*ਸੈਕਸ਼ਨ 3: ਦਿ ਫੈਮਿਲੀ* – ਇਹ ਸੈਕਸ਼ਨ ਤੁਹਾਡੇ ਦੁਆਰਾ ਪੂਰਾ ਕੀਤੇ ਜਾਣ ਲਈ ਹੈ। ਤੁਹਾਡੇ ਲਈ ਇਹ ਮਹੱਤਵਪੂਰਣ ਹੈ ਕਿ ਤੁਸੀ ਆਪਣੀ ਔਲਾਦ ਦੀ ਟ੍ਰਾਂਜ਼ਿਸ਼ਨ ਸਟੇਟਮੇਂਟ ਵਿੱਚ ਆਪਣੇ ਵਿਚਾਰਾਂ ਦਾ ਯੋਗਦਾਨ ਦਿਓ। ਇਸ ਹਿੱਸੇ ਵਿੱਚ ਤੁਹਾਨੂੰ ਪ੍ਰੇਰਿਤ ਕਰਨ ਵਿੱਚ ਮਦਦ ਦੇਣ ਲਈ ਕਈ ਤਰ੍ਹਾਂ ਦੇ ਸਵਾਲ ਸ਼ਾਮਿਲ ਹੁੰਦੇ ਹਨ। ਇਨ੍ਹਾਂ ਵਿਚੋਂ ਕੁੱਝ ਜਾਂ ਸਾਰੇ ਸਵਾਲਾਂ ਦਾ ਜਵਾਬ ਦੇਣ ਨਾਲ ਤੁਹਾਡੀ ਔਲਾਦ ਦੀ ਟੀਚਰ ਅਤੇ OSHC ਅਧਿਆਪਕਾ (ਜਿੱਥੇ ਲਾਗੂ ਹੋਵੇ) ਨੂੰ ਤੁਹਾਡੀ ਔਲਾਦ ਅਤੇ ਤੁਹਾਡੇ ਪਰਿਵਾਰ ਨੂੰ ਉਚਿਤ ਤਰੀਕਿਆਂ ਨਾਲ ਜਵਾਬ ਦੇਣ ਵਿੱਚ ਮਦਦ ਮਿਲੇਗੀ ਅਤੇ ਅਜਿਹਾ ਕਰਣ ਨਾਲ ਤੁਹਾਡੀ ਔਲਾਦ ਦੀ ਸਿੱਖਿਆ ਅਤੇ ਵਿਕਾਸ ਵਿੱਚ ਵੀ ਸਹਾਇਤਾ ਮਿਲੇਗੀ।

## ਮੇਰੇ ਦੁਆਰਾ ਟ੍ਰਾਂਜ਼ਿਸ਼ਨ ਸਟੇਟਮੇਂਟ ਦਾ ਸੈਕਸ਼ਨ ਪੂਰਾ ਕਰਨ ਬਾਅਦ ਕੀ ਹੁੰਦਾ ਹੈ?

*ਸੈਕਸ਼ਨ 3: ਦਿ ਫੈਮਿਲੀ* ਪੂਰਾ ਕਰਨ ਬਾਅਦ ਇਹ ਹਿੱਸਾ ਆਪਣੇ ਬੱਚੇ ਦੀ ਅਰਲੀ ਚਾਇਲਡਹੁਡ ਅਧਿਆਪਕਾ ਨੂੰ ਵਾਪਸ ਕਰੋ। ਜੇਕਰ ਤੁਸੀ *ਸੈਕਸ਼ਨ 2: ਦਿ ਚਾਇਲਡ* ਪੂਰਾ ਕਰਨ ਵਿੱਚ ਆਪਣੀ ਔਲਾਦ ਦੀ ਮਦਦ ਕੀਤੀ ਹੈ, ਤਾਂ ਇਸਨੂੰ ਵੀ ਸੈਕਸ਼ਨ 3 ਨਾਲ ਵਾਪਸ ਕਰੋ।

ਤੁਹਾਡੀ ਔਲਾਦ ਦੀ ਅਰਲੀ ਚਾਇਲਡਹੁਡ ਅਧਿਆਪਕਾ ਟ੍ਰਾਂਜ਼ਿਸ਼ਨ ਸਟੇਟਮੇਂਟ ਦੇ ਸਾਰੇ ਹਿੱਸਿਆਂ ਨੂੰ ਇੱਕਠਾ ਕਰੇਗੀ ਅਤੇ ਇਸਦੀ ਇੱਕ ਪੂਰੀ ਕਾਪੀ ਤੁਹਾਨੂੰ ਦੇਵੇਗੀ।

ਤੁਹਾਡੀ ਔਲਾਦ ਦੀ ਅਰਲੀ ਚਾਇਲਡਹੁਡ ਅਧਿਆਪਕਾ ਪੂਰੇ ਟ੍ਰਾਂਜ਼ਿਸ਼ਨ ਸਟੇਟਮੇਂਟ ਦੀ ਇੱਕ ਕਾਪੀ ਦਾ ਆਦਾਨ-ਪ੍ਰਦਾਨ ਤੁਹਾਡੀ ਔਲਾਦ ਦੇ ਸਕੂਲ ਅਤੇ OSHC ਸੇਵਾ (ਜਿੱਥੇ ਲਾਗੂ ਹੋਵੇ) ਨਾਲ ਵੀ ਕਰੇਗੀ।

ਜੇਕਰ ਤੁਹਾਨੂੰ ਪੱਕਾ ਪਤਾ ਨਹੀਂ ਹੈ ਕਿ ਤੁਹਾਡੀ ਔਲਾਦ ਕਿਹੜੇ ਸਕੂਲ ਜਾਵੇਗੀ, ਤਾਂ ਤੁਹਾਡੀ ਔਲਾਦ ਦੀ ਅਰਲੀ ਚਾਇਲਡਹੁਡ ਅਧਿਆਪਕਾ ਤੁਹਾਨੂੰ ਟ੍ਰਾਂਜ਼ਿਸ਼ਨ ਸਟੇਟਮੇਂਟ ਦੀ ਇੱਕ ਦੂਜੀ ਕਾਪੀ ਦਵੇਗੀ ਤਾਂਜੋ ਤੁਸੀ ਆਪਣੀ ਔਲਾਦ ਨੂੰ ਦਾਖਲ ਕਰਾਉਂਦੇ ਸਮੇਂ ਇਹ ਆਪਣੀ ਔਲਾਦ ਦੇ ਸਕੂਲ ਨੂੰ ਦੇ ਸਕੋ।

ਜੇਕਰ*ਸੈਕਸ਼ਨ 3: ਦਿ ਫੈਮਿਲੀ* ਸੇਵਾ ਨੂੰ ਵਾਪਸ ਨਹੀਂ ਕੀਤਾ ਜਾਂਦਾ ਹੈ ਤਾਂ ਤੁਹਾਡੀ ਔਲਾਦ ਦੀ ਅਰਲੀ ਚਾਇਲਡਹੁਡ ਅਧਿਆਪਕਾ ਪੂਰੇ ਕੀਤੇ ਹਿੱਸਿਆਂ ਦਾ ਆਦਾਨ-ਪ੍ਰਦਾਨ ਤੁਹਾਡੀ ਔਲਾਦ ਦੇ ਸਕੂਲ ਅਤੇ OSHC ਸੇਵਾ (ਜਿੱਥੇ ਲਾਗੂ ਹੋਵੇ) ਨਾਲ ਕਰੇਗੀ ਅਤੇ ਜੋ ਆਦਾਨ-ਪ੍ਰਦਾਨ ਕੀਤਾ ਗਿਆ ਹੈ, ਉਸਦੀ ਇੱਕ ਕਾਪੀ ਤੁਹਾਨੂੰ ਆਪਣੇ ਕੋਲ ਰੱਖਣ ਲਈ ਦੇਵੇਗੀ।

ਸਕੂਲਾਂ ਦੁਆਰਾ ਕੀਤੀਆਂ ਖੋਜਾਂ ਅਤੇ ਸਕੂਲਾਂ ਤੋਂ ਮਿਲੀ ਪ੍ਰਤੀਕ੍ਰਿਆ ਇਹ ਦਰਸਾਉਂਦੀ ਹੈ ਕਿ ਇਸ ਜਾਣਕਾਰੀ ਦਾ ਆਦਾਨ-ਪ੍ਰਦਾਨ ਕਰਨ ਨਾਲ ਸਕੂਲ ਵਿੱਚ ਸਫਲਤਾਪੂਰਵਕ ਟ੍ਰਾਂਜ਼ਿਸ਼ਨ ਕਰਨ ਵਿੱਚ ਮਦਦ ਮਿਲਦੀ ਹੈ। ਪਰ, ਜੇਕਰ ਤੁਸੀ ਚਾਹੁੰਦੇ ਹੋ ਕਿ ਤੁਹਾਡੀ ਔਲਾਦ ਨਾਲ ਸੰਬੰਧਿਤ ਕਿਸੇ ਉਚਿਤ ਜਾਣਕਾਰੀ ਦਾ ਆਦਾਨ-ਪ੍ਰਦਾਨ ਤੁਹਾਡੀ ਔਲਾਦ ਦੇ ਸਕੂਲ ਨਾਲ ਨਾ ਕੀਤਾ ਜਾਵੇ, ਤਾਂ ਕ੍ਰਿਪਾ ਕਰਕੇ ਇਸਦੀ ਚਰਚਾ ਆਪਣੀ ਔਲਾਦ ਦੇ ਅਰਲੀ ਚਾਇਲਡਹੁਡ ਅਧਿਆਪਕਾ ਨਾਲ ਕਰੋ।

## ਵਧੇਰੀ ਜਾਣਕਾਰੀ ਲਈ

ਕ੍ਰਿਪਾ ਕਰਕੇ www.education.vic.gov.au/transitiontoschool ਦੇਖੋ

ਇਸ ਦਸਤਾਵੇਜ ਦਾ ਅਨੁਵਾਦ ਕਈ ਸਮੁਦਾਇਕ ਭਾਸ਼ਾਵਾਂ ਵਿੱਚ ਕੀਤਾ ਗਿਆ ਹੈ ਜੋ www.education.vic.gov.au/transitiontoschool ਉੱਤੇ ਉਪਲਬਧ ਹਨ।